# ਜਮਾਤ-11ਵੀਂ
# ਪੰਜਾਬੀ ਲਾਜ਼ਮੀ

ਸਮਾਂ: 3 ਘੰਟੇ

ਲਿਖਤੀ= 80 ਅੰਕ
ਆਂਤਰਿਕ ਮੁਲਾਂਕਣ= 20 ਅੰਕ
ਕੁੱਲ ਅੰਕ= 100 ਅੰਕ

| ਲੜੀ ਨੰ: | ਪਾਠ-ਕ੍ਰਮ | ਅੰਕ |
|---|---|---|
| 1. | **ਸੁੰਦਰ ਲਿਖਾਈ** | 05 |
| 1. | ਪੰਜਾਬੀ ਲੋਕ ਸਾਹਿਤ:- ਲੋਕ-ਗੀਤ ਅਤੇ ਲੋਕ-ਕਥਾਵਾਂ | 27 |
| 2. | ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ:- ਤਕਨੀਕੀ ਸ਼ਬਦਾਵਲੀ:-ਬੈਂਕ, ਰੇਲਵੇ, ਡਾਕ, ਕੰਪਿਊਟਰ ਤੇ ਬੀਮਾ ਸੇਵਾਵਾਂ ਨਾਲ ਸੰਬੰਧਿਤ ਵਾਕਾਂ ਵਿੱਚ ਵਰਤੋਂ | 18 |
| 3. | **ਪੰਜਾਬੀ ਭਾਸ਼ਾ ਲਿਖਣ ਦਾ ਹੁਨਰ:- ਅਖ਼ਬਾਰ ਦੇ ਸੰਪਾਦਕ ਨੂੰ ਪੱਤਰ, ਇਸ਼ਤਿਹਾਰ, ਸੱਦਾ ਪੱਤਰ ਅਤੇ ਪੈਰਾ ਰਚਨਾ** | 18 |
| 4. | ਮੁਹਾਵਰੇ | 12 |
| | ਕੁੱਲ ਅੰਕ | 80 |

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ

ਕੁੱਲ ਅੰਕ (ਲਿਖਤੀ)=80

ਨੋਟ:

(1) 05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ 'ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁੱਧਤਾ,ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

(2) ਪ੍ਰਸ਼ਨ-ਪੱਤਰ ਦੇ ਕੁੱਲ 09 ਪ੍ਰਸ਼ਨ ਹੋਣਗੇ।

(3) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

## ਵਿਸ਼ੇਸ਼ ਹਿਦਾਇਤਾਂ

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ

**ਪ੍ਰਸ਼ਨ ਨੰ: 1 ਸਮੁੱਚੇ ਪਾਠ-ਕ੍ਰਮ ਦੇ ਅਧਾਰ ਤੇ ਸੰਖੇਪ ਉੱਤਰਾਂ ਵਾਲੇ ਦੱਸ ਪ੍ਰਸ਼ਨ ਪੁੱਛੇ ਜਾਣਗੇ ਹਰੇਕ ਪ੍ਰਸ਼ਨ ਦਾ1 ਅੰਕ ਹੋਵੇਗਾ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :**

**(ੳ) ਪੰਜਾਬੀ ਲੋਕ-ਸਾਹਿਤ: 2 ਅੰਕ (ਬਹੁ-ਚੋਣ, ਠੀਕ/ਗਲਤ, ਖ਼ਾਲੀ ਥਾਂਵਾਂ ਜਾਂ ਇੱਕ ਦੋ ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ) ।**

**(ਅ) ਲੋਕ-ਗੀਤ : 2 ਅੰਕ ( ਦੋ ਪ੍ਰਸ਼ਨ - ਦੋਵੇਂ ਪ੍ਰਸ਼ਨ ਨਿਰਧਾਰਿਤ ਪਾਠ-ਸਮਗਰੀ ਦੇ ਆਧਾਰ 'ਤੇ ਪੁੱਛੇ ਜਾਣਗੇ।**

**(ੲ) ਲੋਕ ਕਥਾਵਾਂ : 2 ਅੰਕ ( ਦੋ ਪ੍ਰਸ਼ਨ ਪਾਤਰਾਂ ਸੰਬੰਧੀ ਪੁੱਛੇ ਜਾਣਗੇ।**

**(ਸ) ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ : 2 ਅੰਕ(ਸਿੱਧਾ ਅਰਥ ਪੁੱਛਣਾ, ਬਹੁ-ਚੋਣ, ਮਿਲਾਨ ਕਰਨਾ) ਤਕਨੀਕੀ ਸ਼ਬਦਾਵਲੀ 'ਤੇ ਆਧਾਰਿਤ ਪਾਠ ਅਤੇ ਪਾਠ ਅਭਿਆਸ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ। ਹਰ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ।**

(ਹ) ਮੁਹਾਵਰੇ:- 2 ਅੰਕ **(ਇਸ ਵਿੱਚ 1 ਅੰਕ ਦਿੱਤੇ ਗਏ ਮੁਹਾਵਰੇ ਦੀ ਵਰਤੋਂ ਸਥਿਤੀ ਦੱਸਣ ਅਤੇ 1 ਅੰਕ** ਮੁਹਾਵਰੇ ਦੇ ਅਰਥ ਨਾਲ ਸੰਬੰਧਿਤ ਬਹੁ-ਚੋਣੀ ਪ੍ਰਸ਼ਨ 'ਚੋਂ ਠੀਕ ਅਰਥ ਲਿਖਣ ਦਾ ਹੋਵੇਗਾ। )

10x1=10 ਅੰਕ

Scanned with CamScanner

ਪ੍ਰਸ਼ਨ ਨੰ: 2 ਪੰਜਾਬੀ ਪਾਠ-ਪੁਸਤਕ ਵਿੱਚ ਲੋਕ-ਗੀਤਾਂ ਬਾਰੇ ਦਿੱਤੇ ਪਾਠ-ਅਭਿਆਸਾਂ ਦੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨ ਦੇ ਕੇ ਤਿੰਨ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 5+5=10 ਅੰਕ

**ਪ੍ਰਸ਼ਨ ਨੰ. 3 ਪੰਜਾਬੀ ਪਾਠ-ਪੁਸਤਕ ਵਿੱਚ ਲੋਕ-ਗੀਤਾਂ 'ਚੋਂ ਕੋਈ ਇੱਕ ਕਾਵਿ-ਅੰਸ਼ ਦੇ ਕੇ ਉਸਦੇ ਚਾਰ ਅਤਿ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ। 1*4=4 ਅੰਕ**

ਪ੍ਰਸ਼ਨ ਨੰ: 4 ਪੰਜਾਬੀ ਪਾਠ-ਪੁਸਤਕ ਵਿੱਚ ਦਿੱਤੀਆਂ ਵੱਖ-ਵੱਖ ਵੰਨਗੀਆਂ ਦੀਆਂ ਲੋਕ-ਕਥਾਵਾਂ ਵਿੱਚੋਂ ਦੋ ਦੇ ਨਾਂ ਦੇ ਕੇ ਕਿਸੇ ਇੱਕ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 7 ਅੰਕ

ਪ੍ਰਸ਼ਨ ਨੰ: 5 . (ੳ) ਪਾਠ-ਪੁਸਤਕ ਵਿੱਚ ਦਿੱਤੀ ਗਈ ਤਕਨੀਕੀ ਸ਼ਬਦਾਵਲੀ ਵਿੱਚੋਂ ਦਸ ਸ਼ਬਦ ਦੇ ਕੇ ਕਿਸੇ ਛੇ ਦੇ ਅਰਥ ਲਿਖਣ ਲਈ ਕਿਹਾ ਜਾਵੇਗਾ। 6x1=6 ਅੰਕ

(ਅ) ਪਾਠ ਪੁਸਤਕ ਦਿੱਤੇ ਗਏ ਬੈਂਕ, ਰੇਲਵੇ, ਡਾਕ ਅਤੇ ਬੀਮਾ ਸੇਵਾਵਾਂ ਅਤੇ ਕੰਪਿਊਟਰ ਨਾਲ਼ ਸੰਬੰਧਿਤ ਅੱਠ ਵਾਕ ਦੇ ਕੇ ਕੋਈ ਪੰਜ ਵਾਕਾਂ ਦਾ ਪੰਜਾਬੀ ਅਨੁਵਾਦ ਲਿਖਣ ਲਈ ਕਿਹਾ ਜਾਵੇਗਾ। 5 x 2=10 ਅੰਕ

ਪ੍ਰਸ਼ਨ ਨੰ: 6 ਕਿਸੇ ਮਸਲੇ/ਘਟਨਾ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖਣ ਲਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ ਲਿਖਣ ਲਈ ਕਿਹਾ ਜਾਵੇਗਾ। **2+3+2=7 ਅੰਕ**

ਪ੍ਰਸ਼ਨ ਨੰ: 7 ਪੰਜਾਬੀ ਪਾਠ-ਪੁਸਤਕ ਵਿੱਚ ਦਿੱਤੀਆਂ ਵੰਨਗੀਆਂ ਅਨੁਸਾਰ ਇੱਕ ਇਸ਼ਤਿਹਾਰ ਜਾਂ ਸੱਦਾ-ਪੱਤਰ ਲਿਖਣ ਲਈ ਕਿਹਾ ਜਾਵੇਗਾ । 5 ਅੰਕ

ਪ੍ਰਸ਼ਨ ਨੰ: 8 ਕੋਈ ਤਿੰਨ ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਬਾਰੇ ਲਗ-ਪਗ 15 ਸ਼ਬਦਾਂ ਦੀ ਪੈਰਾ-ਰਚਨਾ ਕਰਨ ਲਈ ਕਿਹਾ ਜਾਵੇਗਾ। 6 ਅੰਕ

ਪ੍ਰਸ਼ਨ ਨੰ: 9 ਪੰਜਾਬੀ ਪਾਠ- ਪੁਸਤਕ ਵਿੱਚੋਂ ਕੋਈ ਸੱਤ ਮੁਹਾਵਰੇ ਦੇ ਕੇ ਕਿਸੇ 5 ਨੂੰ ਵਾਕਾਂ ਵਿੱਚ ਵਰਤਣ / ਲਈ ਕਿਹਾ ਜਾਵੇਗਾ। **5x2=10 ਅੰਕ**

## ਆਂਤਰਿਕ ਮੁਲਾਂਕਣ: 20 ਅੰਕ

### ਆਂਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ

| **ਲੜੀ ਨੰ.** | **ਆਂਤਰਿਕ ਮੁਲਾਂਕਣ ਦੀ ਰੂਪ-ਰੇਖਾ** | **ਅੰਕ** |
|---|---|---|
| 1. | **ਪ੍ਰੋਜੈਕਟ:**<br>ਪੰਜਾਬੀ ਲੋਕ-ਸਾਹਿਤ ਵਾਲ਼ੇ ਭਾਗ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋਲ ਮੁਲਾਂਕਣ ਲਈ ਜਮ੍ਹਾਂ ਕਰਵਾਏ ਜਾਣਗੇ:<br>1. 02 ਚਾਰਟ<br>2. 01 ਸਕਰੈਪ ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮੱਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | **10 ਅੰਕ(2+4+4)**<br>2 ਅੰਕ<br>4 ਅੰਕ<br>4 ਅੰਕ |
| 2. | **ਭਾਸ਼ਾਈ ਸਮਰਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ):<br>ਨਿਰਧਾਰਿਤ ਵਿਸ਼ਾ-ਪੁਸਤਕ ਦੇ ਪੰਜਾਬੀ ਭਾਸ਼ਾ ਹੁਨਰ ਨਾਲ ਸੰਬੰਧਿਤ | 03 ਅੰਕ |
| 3. | **ਭਾਸ਼ਾਈ ਸਮਰਥਾ** (ਸਰਵਣ/ਸੁਣਨ-ਯੋਗਤਾ):<br>ਨਿਰਧਾਰਿਤ ਵਿਸ਼ਾ-ਪੁਸਤਕ ਦੇ ਪੰਜਾਬੀ ਭਾਸ਼ਾ ਹੁਨਰ ਨਾਲ ਸੰਬੰਧਿਤ | 02 |
| 4. | **ਭਾਸ਼ਾਈ ਸਮਰੱਥਾ** (ਸ਼ੁੱਧ ਪੜ੍ਹਨ-ਯੋਗਤਾ):<br>ਨਿਰਧਾਰਿਤ ਵਿਸ਼ਾ-ਪੁਸਤਕ ਦੇ ਪੰਜਾਬੀ ਭਾਸ਼ਾ ਹੁਨਰ ਨਾਲ ਸੰਬੰਧਿਤ | 03 |
| 5. | **ਪੁਸਤਕ ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 02 |
| | | |
| | ਕੁੱਲ ਅੰਕ | 20 |

Scanned with CamScanner

# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ: ਅਕਾਦਮਿਕ ਸਾਲ 2020-21 ਲਈ 9ਵੀਂ ਤੋ 12ਵੀਂ ਸ਼੍ਰੇਣੀ ਲਈ Revised ਸਿਲੇਬਸ।**

ਵਿਸ਼ਵ ਭਰ ਵਿੱਚ Covid-19 ਮਹਾਂਮਾਰੀ ਦੇ ਮੱਦੇ ਨਜ਼ਰ ਸਕੂਲ ਬੰਦ ਹੋਣ ਕਾਰਨ ਵੱਖ-ਵੱਖ ਸ਼੍ਰੇਣੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋਇਆ ਹੈ। ਇਸ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਅਕਾਦਮਿਕ ਸਾਲ 2020-21 ਲਈ 9ਵੀਂ ਤੋ 12ਵੀਂ ਸ਼੍ਰੇਣੀਆਂ ਦੇ ਪਾਠਕ੍ਰਮ ਨੂੰ ਘਟਾਉਣ ਦਾ ਫੈਸਲਾ ਲਿਆ ਗਿਆ ਹੈ। ਸਿੱਖਣ ਪੱਧਰ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਸਿਲੇਬਸ ਇਸ ਢੰਗ ਨਾਲ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਿਸ਼ੇ ਦੇ ਮੂਲ ਸੰਕਲਪ ਨੂੰ ਹਾਨੀ ਨਾ ਪਹੁੰਚੇ।

ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਦੂਜੇ Topics ਨਾਲ ਰਾਬਤਾ ਰੱਖਣ ਲਈ ਲੋੜ ਅਨੁਸਾਰ ਵਿਦਿਆਰਥੀਆਂ ਨੂੰ ਘਟਾਏ ਗਏ Topics ਨੂੰ ਵੀ ਪੜ੍ਹਾਇਆ ਜਾਣਾ ਉਚਿਤ ਹੋਵੇਗਾ, ਬੇਸ਼ੱਕ ਇਹ Topics ਆਂਤਰਿਕ ਮੁਲਾਂਕਣ ਅਤੇ ਸਾਲਾਨਾ ਇਮਤਿਹਾਨਾਂ ਦਾ ਹਿੱਸਾ ਨਹੀਂ ਹੋਣਗੇ।

ਘਟਾਏ ਗਏ ਸਲੇਬਸ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

## ਜਮਾਤ ਗਿਆਰ੍ਹਵੀਂ

## ਪੰਜਾਬੀ (ਲਾਜ਼ਮੀ)

| ਲੜੀ ਨੰ: | ਪਾਠ-ਕ੍ਰਮ ਵਿੱਚੋਂ ਡਿਲੀਟ (ਮਨਫ਼ੀ ) ਕੀਤੇ ਵਿਸ਼ੇ |
|---|---|
| 1. | ਪੰਜਾਬੀ ਲੋਕ ਸਾਹਿਤ:- ਲੋਕ-ਗੀਤ (ਟੱਪੇ,ਬੋਲੀਆਂ,ਢੋਲਾ,ਮਾਹੀਆ) ਅਤੇ ਲੋਕ-ਕਥਾਵਾਂ ( ਪਰੀ ਕਥਾਵਾਂ ਤੇ ਦੰਤ ਕਥਾਵਾਂ) |
| 2. | ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ:- ਤਕਨੀਕੀ ਸ਼ਬਦਾਵਲੀ:2.ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਸ਼ਬਦਾਵਲੀ,ਬੀਮਾ ਸੇਵਾਵਾਂ ਅਤੇ ਕੰਪਿਊਟਰ ਨਾਲ਼ ਸੰਬੰਧਿਤ ਵਾਕ-ਅਨੁਵਾਦ |
| 3. | **ਪੰਜਾਬੀ ਭਾਸ਼ਾ ਲਿਖਣ ਦਾ ਹੁਨਰ:- ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ( ਹੱਲ ਕੀਤੇ 11-16,ਅਭਿਆਸੀ 15-20 ਤੱਕ ), ਸੱਦਾ-ਪੱਤਰ ,ਪੈਰਾ ਰਚਨਾ ( 16-23 ਤੱਕ)** |
| 4. | **ਵਿਆਕਰਨ:-ਮੁਹਾਵਰੇ ( 51-81 ਤੱਕ )** |

**ਨਿਰਧਾਰਿਤ ਪਾਠ ਪੁਸਤਕ : ਲਾਜ਼ਮੀ ਪੰਜਾਬੀ** 11

**ਪ੍ਰਕਾਸ਼ਕ : ਪੰਜਾਬ ਸਕੂਲ ਸਿੱਖਿਆ ਬੋਰਡ**

Scanned with CamScanner